# CPE ਲਈ ਮੁੱਢਲੀ ਜਾਂਚ

## ਮਰੀਜ਼ਾਂ ਲਈ ਜਾਣਕਾਰੀ

ਜੇ ਇਸ ਪਰਚੇ ਵਿਚ ਦਿੱਤੀ ਜਾਣਕਾਰੀ ਬਾਰੇ ਤੁਹਾਡੇ ਮਨ ਵਿਚ ਕੋਈ ਸਵਾਲ ਹਨ ਤਾਂ ਬਹੁਤ ਜ਼ਰੂਰੀ ਹੈ ਕਿ ਉਹਨਾਂ ਬਾਰੇ ਤੁਸੀਂ ਤੁਹਾਡੀ ਦੇਖਭਾਲ ਕਰਨ ਵਾਲੀ ਨਰਸਿੰਗ ਜਾਂ ਮੈਡੀਕਲ ਟੀਮ ਦੇ ਕਿਸੇ ਮੈਂਬਰ ਨਾਲ ਗੱਲਬਾਤ ਕਰੋ।

# CPE ਨੂੰ ਸਮਝਣਾ

ਹਰ ਸਧਾਰਣ, ਸਿਹਤਮੰਦ ਇਨਸਾਨ ਦੀ ਆਂਦਰ ਵਿਚ *ਐਂਟੇਰੈਬੈਕਟੀਰਿਆਸੀਆਈ* (Enterobacteriaceae) ਨਾਂ ਦੇ ਬੈਕਟੀਰਿਆ ਮੌਜੂਦ ਹੁੰਦੇ ਹਨ। ਜਦ ਤਕ ਉਹ ਆਂਦਰ ਵਿਚ ਰਹਿੰਦੇ ਹਨ, ਉਹ ਕੋਈ ਨੁਕਸਾਨ ਨਹੀਂ ਕਰਦੇ ਅਤੇ ਭੋਜਨ ਹਜ਼ਮ ਕਰਨ ਵਿਚ ਸਾਡੀ ਮਦਦ ਕਰਦੇ ਹਨ। ਪਰ ਜਦ ਇਹ ਬੈਕਟੀਰਿਆ ਬਲੈਡਰ ਜਾਂ ਲਹੂ ਦੇ ਪ੍ਰਵਾਹ ਵਰਗੀ ਗਲਤ ਥਾਂ ਤੇ ਚਲੇ ਜਾਂਦੇ ਹਨ, ਉਹਨਾਂ ਕਾਰਨ ਲਾਗ ਹੋ ਸਕਦੀ ਹੈ।

ਕਾਰਬਾਪੈਨਮੇਸ ਪੈਦਾ ਕਰਨ ਵਾਲੇ ਐਂਟੇਰੈਬੈਕਟੀਰਿਆਸੀਆਈ (CPE) ਇਸ ਬੈਕਟੀਰਿਆ ਦੀ ਇੱਕ ਕਿਸਮ ਹਨ। ਇਹਨਾਂ ਨੇ ਕਾਰਬਾਪੇਨੇਮ ਨਾਂ ਦੇ ਸ਼ਕਤੀਸ਼ਾਲੀ ਐਂਟੀਬਾਇਓਟਿਕਾਂ ਦੇ ਖਿਲਾਫ ਪ੍ਰਤਿਰੋਧ ਵਿਕਸਤ ਕਰ ਲਿਆ ਹੈ ਯਾਨੀ ਇਹ ਐਂਟੀਬਾਇਓਟਿਕ ਉਹਨਾਂ ਉੱਪਰ ਅਸਰ ਨਹੀਂ ਕਰਦੇ। ਕਾਰਬਾਪੇਨੇਮ ਇੱਕ ਸ਼ਕਤੀਸ਼ਾਲੀ ਐਂਟੀਬਾਇਓਟਿਕਾਂ ਦਾ ਸਮੂਹ ਹੈ ਜਿਸ ਦੀ ਵਰਤੋਂ ਡਾਕਟਰ ਲਾਗਾਂ ਨਾਲ ਲੜਨ ਲਈ ਅਕਸਰ ਉਸ ਸਮੇਂ ਕਰਦੇ ਹਨ ਜਦ ਦੂਜੇ ਐਂਟੀਬਾਇਓਟਿਕਾਂ ਨਾਲ ਇਲਾਜ ਵਿਚ ਕਾਮਯਾਬੀ ਨਹੀਂ ਮਿਲਦੀ। ਬਹੁਤ ਜ਼ਰੂਰੀ ਹੈ ਕਿ ਅਸੀਂ CPE ਨੂੰ ਸਾਡੇ ਹਸਪਤਾਲਾਂ ਵਿਚ ਫੈਲਣ ਤੋਂ ਰੋਕੀਏ। ਇਸ ਨਾਲ ਇਹ ਯਕੀਨੀ ਬਣਾਇਆ ਜਾ ਸਕੇਗਾ ਕਿ ਭਵਿੱਖ ਵਿਚ ਲਾਗਾਂ ਦੇ ਇਲਾਜ ਲਈ ਇਹ ਐਂਟੀਬਾਇਓਟਿਕ ਸਾਡੇ ਕੋਲ ਉਪਲਬਧ ਰਹਿਣਗੇ।

### ਜੇ ਮੈਨੂੰ CPE ਹੈ, ਕੀ ਮੈਨੂੰ ਇਲਾਜ ਦੀ ਲੋੜ ਹੋਵੇਗੀ?

ਨਹੀਂ, ਆਮ ਤੌਰ ਤੇ ਨਹੀਂ। ਜਿਨ੍ਹਾਂ ਮਰੀਜ਼ਾਂ ਦੇ ਸਰੀਰ ਵਿਚ CPE ਹਨ, ਉਹਨਾਂ ਨੂੰ ਇਲਾਜ ਦੀ ਲੋੜ ਨਹੀਂ ਹੁੰਦੀ ਕਿਉਂਕਿ ਇਹ ਬੈਕਟੀਰਿਆ ਆਂਦਰ ਵਿਚ ਰਹਿੰਦੇ ਹਨ ਅਤੇ ਕੋਈ ਨੁਕਸਾਨ ਨਹੀਂ ਕਰਦੇ। ਪਰ ਜੇ ਤੁਹਾਨੂੰ CPE ਦੇ ਕਾਰਨ ਲਾਗ ਲਗੀ ਹੈ, ਤਾਂ ਤੁਹਾਨੂੰ ਇਲਾਜ ਦੇ ਲਈ ਐਂਟੀਬਾਇਓਟਿਕਾਂ ਦੀ ਲੋੜ ਪਵੇਗੀ।

# CPE ਲਈ ਮੁੱਢਲੀ ਜਾਂਚ ਬਾਰੇ ਜਾਣਕਾਰੀ

### ਮਰੀਜ਼ਾਂ ਦੀ CPE ਲਈ ਜਾਂਚ ਕਿਉਂ ਕੀਤੀ ਜਾਂਦੀ ਹੈ?

ਇਹ ਪਤਾ ਲਗਾ ਕੇ ਕਿ ਕਿਹੜੇ ਮਰੀਜ਼ CPE ਦੇ ਵਾਹਕ ਹਨ, ਅਸੀਂ ਉਹਨਾਂ ਦੀ ਬਿਹਤਰੀਨ ਦੇਖਭਾਲ ਕਰਕੇ CPE ਦੇ ਫੈਲਣ ਨੂੰ ਅਤੇ ਉਸ ਤੋਂ ਹੋਣ ਵਾਲੀਆਂ CPE ਲਾਗਾਂ ਨੂੰ ਰੋਕਣਾ ਯਕੀਨੀ ਬਣਾ ਸਕਦੇ ਹਾਂ।

CPE ਕਾਰਨ ਹੋਈਆਂ ਲਾਗਾਂ ਦਾ ਇਲਾਜ ਕਰਨਾ ਮੁਸ਼ਕਲ ਹੋ ਸਕਦਾ ਹੈ। ਇਹ ਜਾਣਨਾ ਬਹੁਤ ਜ਼ਰੂਰੀ ਹੈ ਕਿ ਜੇ ਕੋਈ ਵਿਅਕਤੀ CPE ਦਾ ਵਾਹਕ ਹੈ ਅਤੇ ਲਾਗ ਹੋ ਜਾਂਦੀ ਹੈ ਤਾਂ ਮੈਡੀਕਲ ਸਟਾਫ ਇਸਦੇ ਇਲਾਜ ਲਈ ਸਭ ਤੋਂ ਚੰਗੇ ਐਂਟੀਬਾਇਓਟਿਕ ਦੀ ਬੜੀ ਛੇਤੀ ਪਛਾਣ ਕਰ ਸਕਦੀ ਹੈ।

### CPE ਲਈ ਮਰੀਜ਼ਾਂ ਦੀ ਮੁੱਢਲੀ ਜਾਂਚ ਕਿਵੇਂ ਕੀਤੀ ਜਾਂਦੀ ਹੈ?

ਸਕਾਟਲੈਂਡ ਦੇ ਐਕਿਊਟ ਹਸਪਤਾਲਾਂ ਵਿਚ ਜਿਹੜੇ ਮਰੀਜ਼ਾਂ ਨੂੰ ਦਾਖਲ ਕੀਤਾ ਜਾਂਦਾ ਹੈ, ਦਾਖਲੇ ਦੇ ਸਮੇਂ ਉਹਨਾਂ ਦਾ ਮੁਲਾਂਕਣ ਕੀਤਾ ਜਾਂਦਾ ਹੈ ਕਿ ਉਹਨਾਂ ਦੇ CPE ਦੇ ਵਾਹਕ ਹੋਣ ਦਾ ਜੋਖਮ ਹੈ ਜਾਂ ਨਹੀਂ। ਤੁਹਾਨੂੰ CPE ਲਈ ਮੁੱਢਲੀ ਜਾਂਚ ਕਰਾਉਣ ਲਈ ਆਖਿਆ ਜਾ ਸਕਦਾ ਹੈ ਜੇ:

- ਤੁਸੀਂ ਸਕਾਟਲੈਂਡ ਦੇ ਬਾਹਰ ਕਿਸੇ ਹਸਪਤਾਲ ਵਿਚ ਰਹੇ ਹੋ (ਛੁੱਟੀਆਂ ਦੌਰਾਨ ਡਾਇਲਸਿਸ ਕਰਾਉਣ ਸਮੇਤ);
- ਤੁਸੀਂ CPE ਵਾਲੇ ਕਿਸੇ ਵਿਅਕਤੀ ਦੇ ਸੰਪਰਕ ਵਿਚ ਰਹੇ ਹੋ; ਜਾਂ
- ਬੀਤੇ ਸਮੇਂ ਵਿਚ ਤੁਹਾਡੇ ਵਿਚ CPE ਦੀ ਪਛਾਣ ਕੀਤੀ ਗਈ ਹੈ।

### CPE ਲਈ ਮੇਰੀ ਜਾਂਚ ਕਿਵੇਂ ਕੀਤੀ ਜਾਏਗੀ?

ਜੇ ਤੁਹਾਨੂੰ ਟੈਸਟਿੰਗ ਦੇ ਲਈ ਨਮੂਨੇ ਦੀ ਲੋੜ ਹੈ ਤਾਂ ਸਾਡੀ ਦੇਖਭਾਲ ਟੀਮ ਦਾ ਇੱਕ ਮੈਂਬਰ ਇੱਖ ਫਾਹੇ ਨੂੰ ਤੁਹਾਡੇ ਮਲ-ਦੁਆਰ (ਗੁਦਾ) ਵਿਚ ਥੋੜੀ ਅੰਦਰ ਤਕ ਪਾਏਗਾ। ਜਾਂ, ਉਹ ਤੁਹਾਡੀ ਟੱਟੀ ਦਾ ਨਮੂਨਾ ਲੈ ਸਕਦਾ ਹੈ। ਕੁਝ ਮਾਮਲਿਆਂ ਵਿਚ, ਜਿਵੇਂ ਜੇ ਤੁਹਾਨੂੰ ਕੋਈ ਜ਼ਖਮ ਹੈ ਜਾਂ ਪਿਸ਼ਾਬ ਲਈ ਕੈਥਿਟਰ ਲਗਿਆ ਹੋਇਆ ਹੈ, ਕੁਝ ਦੂਜੇ ਨਮੂਨਿਆਂ ਦੀ ਵੀ ਲੋੜ ਪੈ ਸਕਦੀ ਹੈ।

ਇਹ ਨਮੂਨੇ ਲੈਂਣ ਵੇਲੇ ਪੂਰਾ ਸਮਾਂ ਤੁਹਾਡੀ ਨਿੱਜਤਾ ਅਤੇ ਇੱਜ਼ਤ ਦਾ ਪੂਰਾ ਧਿਆਨ ਰੱਖਿਆ ਜਾਏਗਾ।

ਸਾਰੇ ਫਾਹਿਆਂ ਅਤੇ ਨਮੂਨਿਆਂ ਨੂੰ ਲੈਬਾਰਟਰੀ ਭੇਜਿਆ ਜਾਏਗਾ ਅਤੇ ਇਹ ਦੇਖਿਆ ਜਾਏਗਾ ਕਿ ਕਿਹੜੇ ਬੈਕਟੀਰਿਆ ਵੱਧ ਰਹੇ ਹਨ ਅਤੇ ਤੁਹਾਡੀ ਦੇਖਭਾਲ ਟੀਮ ਤੁਹਾਨੂੰ ਨਤੀਜੇ ਦੱਸੇਗੀ।

ਜਦ ਤਕ ਤੁਹਾਡੇ ਟੈਸਟ ਦੇ ਨਤੀਜੇ ਪਤਾ ਨਹੀਂ ਚਲਦੇ, ਤੁਹਾਨੂੰ ਇਕੱਲ੍ਹੇ ਕਮਰੇ ਵਿਚ ਰਹਿਣ ਲਈ ਆਖਿਆ ਜਾ ਸਕਦਾ ਹੈ।

# CPE ਪਾਜ਼ਿਟਿਵ ਟੈਸਟ ਵਾਲੇ ਮਰੀਜ਼ਾਂ ਲਈ ਜਾਣਕਾਰੀ

### ਜੇ ਮੇਰਾ CPE ਟੈਸਟ ਪਾਜ਼ਿਟਿਵ ਪਾਇਆ ਜਾਂਦਾ ਹੈ ਤਾਂ ਕੀ ਹੋਵੇਗਾ?

ਜੇ CPE ਲਈ ਤੁਹਾਡਾ ਮੁੱਢਲਾ ਜਾਂਚ ਟੈਸਟ ਪਾਜ਼ਿਟਿਵ ਪਾਇਆ ਜਾਂਦਾ ਹੈ ਤਾਂ ਇਸ ਦਾ ਮਤਲਬ ਹੈ ਕਿ ਤੁਸੀਂ CPE ਬੈਕਟੀਰਿਆ ਦੇ ਵਾਹਕ ਹੋ। ਫਿਟ ਅਤੇ ਸਿਹਤਮੰਦ ਲੋਕਾਂ ਲਈ ਆਮ ਤੌਰ ਤੇ ਇਸ ਨਾਲ ਕੋਈ ਸਮੱਸਿਆਵਾਂ ਨਹੀਂ ਹੁੰਦੀਆਂ ਅਤੇ ਹੋ ਸਕਦਾ ਤੁਹਾਨੂੰ ਕੋਈ ਮਾੜੇ ਅਸਰ ਨਾ ਹੋਣ। ਜੇ ਤੁਸੀਂ ਲਾਗ ਦੇ ਕੋਈ ਲੱਛਣ ਨਹੀਂ ਦਿਖਾਉਂਦੇ ਤਾਂ ਕਿਸੇ ਇਲਾਜ ਦੀ ਲੋੜ ਨਹੀਂ ਹੈ।

ਜੇ ਤੁਹਾਨੂੰ ਲਾਗ ਲਗ ਜਾਂਦੀ ਹੈ ਤਾਂ ਡਾਕਟਰ ਲਈ ਇਹ ਜਾਣਨਾ ਬਹੁਤ ਮਦਦਗਾਰ ਹੋਵੇਗਾ ਕਿ ਤੁਸੀਂ CPE ਦੇ ਵਾਹਕ ਹੋ। ਇਸ ਦਾ ਮਤਲਬ ਇਹ ਹੈ ਕਿ ਤੁਹਾਡੀ ਲਾਗ ਦੇ ਛੇਤੀ ਇਲਾਜ ਲਈ ਉਹ ਸਭ ਤੋਂ ਚੰਗੇ ਐਂਟੀਬਾਇਓਟਿਕ ਦੀ ਪਛਾਣ ਕਰ ਸਕਦੇ ਹਨ।

ਜੇ ਤੁਹਾਡਾ ਮੁੱਢਲੀ ਜਾਂਚ ਟੈਸਟ ਪਾਜ਼ਿਟਿਵ ਹੈ ਤਾਂ ਜਦ ਤਕ ਤੁਸੀਂ ਹਸਪਤਾਲ ਵਿਚ ਰਹੋਗੇ CPE ਲਈ ਤੁਹਾਡਾ ਟੈਸਟ ਹਰ ਹਫਤੇ ਕੀਤਾ ਜਾ ਸਕਦਾ ਹੈ।

### ਜਦ ਤਕ ਮੈਂ ਹਸਪਤਾਲ ਵਿਚ ਹਾਂ ਲਾਗ ਨੂੰ ਰੋਕਣ ਅਤੇ ਕਾਬੂ ਵਿਚ ਰੱਖਣ ਲਈ ਕੀ ਕੀਤਾ ਜਾਏਗਾ?

ਜਦ ਤਕ ਤੁਸੀਂ ਹਸਪਤਾਲ ਵਿਚ ਹੋ ਜਾਂ ਜਦ ਤਕ ਡਾਕਟਰਾਂ ਨੂੰ ਯਕੀਨ ਨਹੀਂ ਹੋ ਜਾਂਦਾ ਕਿ ਦੂਜੇ ਮਰੀਜ਼ਾਂ ਨੂੰ CPE ਦਾ ਖਤਰਾ ਨਹੀਂ ਹੈ, ਤੁਹਾਨੂੰ ਕਿਸੇ ਇਕੱਲ੍ਹੇ ਕਮਰੇ ਵਿਚ ਰਹਿਣ ਲਈ ਆਖਿਆ ਜਾ ਸਕਦਾ ਹੈ।

ਲਾਗ ਨੂੰ ਰੋਕਣ ਲਈ ਸਭ ਤੋਂ ਜ਼ਰੂਰੀ ਗੱਲ ਜੋ ਤੁਸੀਂ ਕਰ ਸਕਦੇ ਹੋ, ਉਹ ਹੈ ਟੌਇਲਟ ਜਾਣ ਦੇ ਬਾਅਦ ਆਪਣੇ ਹੱਥਾਂ ਨੂੰ ਸਾਬਣ ਅਤੇ ਪਾਣੀ ਦੇ ਨਾਲ ਚੰਗੀ ਤਰ੍ਹਾਂ ਧੋਣਾ। ਤੁਸੀਂ ਅਲਕੋਹਲ ਅਧਾਰਤ ਹੈਂਡ-ਰਬ ਦੀ ਵਰਤੋਂ ਵੀ ਕਰ ਸਕਦੇ ਹੋ। ਇਹ ਵੀ ਜ਼ਰੂਰੀ ਹੈ ਕਿ ਤੁਸੀਂ ਆਪਣੇ ਕਿਸੇ ਵੀ ਡਾਕਟਰੀ ਸਾਧਨ, ਜਿਵੇਂ ਪਿਸ਼ਾਬ ਵਾਲੇ ਕੈਥਿਟਰ ਜਾਂ ਅੰਤਰ-ਨਸੀ ਡ੍ਰਿਪਾਂ ਨੂੰ ਹੱਥ ਲਾਉਣ ਤੋਂ ਗੁਰੇਜ਼ ਕਰੋ। ਇਸ ਨਾਲ CPE ਕਾਰਨ ਹੋਣ ਵਾਲੀ ਲਾਗ ਦਾ ਜੋਖਮ ਘੱਟ ਕਰਨ ਵਿਚ ਤੁਹਾਨੂੰ ਮਦਦ ਮਿਲੇਗੀ।

### ਕੀ ਹਾਲਾਂ ਵੀ ਲੋਕ ਮੈਨੂੰ ਮਿਲਣ ਲਈ ਆ ਸਕਦੇ ਹਨ?

CPE ਵਾਲੇ ਮਰੀਜ਼ਾਂ ਨੂੰ ਮਿਲਣ ਲਈ ਲੋਕ ਹਸਪਤਾਲ ਆ ਸਕਦੇ ਹਨ। ਜੋ ਲੋਕ ਲਾਗ ਲਈ ਸੰਵੇਦਨਸ਼ੀਲ ਹੁੰਦੇ ਹਨ, ਜਿਵੇਂ ਸ਼ਿਸ਼ੂ ਅਤੇ ਬੱਚੇ, ਉਹਨਾਂ ਨੂੰ ਮਿਲਣ ਆਉਣ ਤੋ ਗੁਰੇਜ਼ ਕਰਨ ਦੀ ਸਲਾਹ ਦਿੱਤੀ ਜਾਂਦੀ ਹੈ। ਤੁਹਾਡੇ ਕਮਰੇ ਵਿਚ ਦਾਖਲ ਹੋਣ ਅਤੇ ਬਾਹਰ ਜਾਣ ਲਗਿਆਂ ਸਾਰੇ ਵਿਜ਼ਿਟਰਾਂ ਨੂੰ ਆਪਣੇ ਹੱਥ ਜ਼ਰੂਰ ਧੋਣੇ ਚਾਹੀਦੇ ਹਨ।

### ਮੇਰੇ ਹਸਪਤਾਲ ਛੱਡਣ ਦੇ ਬਾਅਦ ਕੀ ਹੋਵੇਗਾ?

ਜੇ ਹਸਪਤਾਲ ਛੱਡਣ ਸਮੇਂ ਤੁਸੀਂ CPE ਦੇ ਵਾਹਕ ਹੋ ਤਾਂ ਕੁਝ ਸਮੇਂ ਬਾਅਦ ਇਹ ਆਪਣੇ ਆਪ ਠੀਕ ਹੋ ਸਕਦਾ ਹੈ। ਘਰ ਵਿਚ ਆਪਣੇ ਹੱਥ, ਖਾਸ ਤੌਰ ਤੇ ਟੌਇਲਟ ਜਾਣ ਦੇ ਬਾਅਦ, ਸਾਬਣ ਅਤੇ ਪਾਣੀ ਦੇ ਨਾਲ ਧੋਣ ਦੇ ਇਲਾਵਾ ਤੁਹਾਨੂੰ ਕੋਈ ਵਾਧੂ ਸਾਵਧਾਨੀ ਵਰਤਣ ਦੀ ਲੋੜ ਨਹੀਂ ਹੈ। ਜੇ ਕੋਈ ਰਿਸ਼ਤੇਦਾਰ ਜਾਂ ਦੋਸਤ ਘਰ ਵਿਚ ਤੁਹਾਡੀ ਦੇਖਭਾਲ ਵਿਚ ਮਦਦ ਕਰ ਰਿਹਾ ਹੈ ਤਾਂ ਉਸ ਲਈ ਜ਼ਰੂਰੀ ਹੈ ਕਿ ਤੁਹਾਡੀ ਦੇਖਭਾਲ ਕਰਨ ਤੋਂ ਪਹਿਲਾਂ ਅਤੇ ਉਸਦੇ ਬਾਅਦ ਉਹ ਆਪਣੇ ਹੱਥ ਸਾਬਣ ਅਤੇ ਪਾਣੀ ਦੇ ਨਾਲ ਧੋਣ। ਬਿਸਤਰੇ ਦੀਆਂ ਚੱਦਰਾਂ, ਕਪੜੇ ਅਤੇ ਲਾਂਡਰੀ ਦੀਆਂ ਦੂਜੀਆਂ ਚੀਜ਼ਾਂ ਆਮ ਵਾਂਗ ਧੋਤੀਆਂ ਜਾ ਸਕਦੀਆਂ ਹਨ।

ਜੇ ਤੁਸੀਂ ਹਸਪਤਾਲ ਵਾਪਸ ਜਾਂਦੇ ਹੋ ਜਾਂ ਸਿਹਤ ਦੇਖਭਾਲ ਦੇ ਕਿਸੇ ਹੋਰ ਵਾਤਾਵਰਨ ਵਿਚ ਜਾਂਦੇ ਹੋ ਤਾਂ ਜ਼ਰੂਰੀ ਹੈ ਕਿ ਆਪਣੀ ਦੇਖਭਾਲ ਕਰਨ ਵਾਲੇ ਸਟਾਫ ਨੂੰ ਤੁਸੀਂ ਇਹ ਦੱਸ ਦਿਉ ਕਿ ਬੀਤੇ ਸਮੇਂ ਵਿਚ ਤੁਹਾਡਾ CPE ਟੈਸਟ ਪਾਜ਼ਿਟਿਵ ਨਿਕਲਿਆ ਸੀ। ਇਸ ਨਾਲ CPE ਨੂੰ ਫੈਲਣ ਤੋਂ ਰੋਕਣ ਲਈ ਅਤੇ ਤੁਹਾਨੂੰ CPE ਦੀ ਲਾਗ ਲਗਣ ਦਾ ਜੋਖਮ ਵੀ ਘੱਟ ਕਰਨ ਲਈ ਤੁਹਾਡੀ ਬਿਹਤਰੀਨ ਦੇਖਭਾਲ ਕੀਤੀ ਜਾਏਗੀ।

### ਮੈਨੂੰ ਹੋਰ ਜਾਣਕਾਰੀ ਕਿਥੇ ਮਿਲ ਸਕਦੀ ਹੈ?

ਜੇ ਤੁਸੀਂ ਹੋਰ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਤੁਹਾਡੀ ਦੇਖਭਾਲ ਕਰਨ ਵਾਲੀ ਨਰਸਿੰਗ ਜਾਂ ਮੈਡੀਕਲ ਟੀਮ ਦੇ ਕਿਸੇ ਮੈਂਬਰ ਨਾਲ ਗੱਲ ਕਰੋ ਜੋ ਤੁਹਾਡੇ ਵਲੋਂ ਕਿਸੇ ਸਥਾਨਕ ਲਾਗ ਰੋਕਥਾਮ ਅਤੇ ਕੰਟਰੋਲ ਟੀਮ ਨਾਲ ਸੰਪਰਕ ਕਰ ਸਕਦਾ ਹੈ।

ਜੇ ਤੁਹਾਡੀ ਦੇਖਭਾਲ ਕਰਨ ਵਾਲੀ ਟੀਮ ਤੋਂ ਤੁਸੀਂ ਕੋਈ ਸਵਾਲ ਪੁੱਛਣਾ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਹੇਠਲੀ ਥਾਂ ਵਿਚ ਉਹ ਸਵਾਲ ਲਿੱਖੋ।

ਇਹ ਲੀਫਲੈਟ ਦੂਜੀਆਂ ਭਾਸ਼ਾਵਾਂ, ਵੱਡੇ ਪ੍ਰਿੰਟ, ਈਜ਼ੀ ਰੀਡ ਅਤੇ ਬ੍ਰੇਲ (ਸਿਰਫ ਅੰਗਰੇਜ਼ੀ) ਵਿਚ ਵੀ ਉਪਲਬਧ ਹੈ।
ਕਿਸੇ ਦੂਜੀ ਭਾਸ਼ਾ ਜਾਂ ਰੂਪ ਵਿਚ ਇਸ ਲੀਫਲੈਟ ਦੀ ਕਾਪੀ ਮੰਗਵਾਉਣ ਲਈ ਕਿਰਪਾ ਕਰਕੇ ਹੈਲਥ ਪ੍ਰੋਟੈਕਸ਼ਨ ਸਕਾਟਲੈਂਡ ਨਾਲ ਸੰਪਰਕ ਕਰੋ: NSS.HPSHAIScreening@nhs.net

Health Protection Scotland
Meridian Court, 5 Cadogan Street, Glasgow G2 6QE
0141 300 1100